# ਪੰਜਾਬੀ ਯੂਨੀਵਰਸਿਟੀ, ਪਟਿਆਲਾ।

(1961 ਦੇ ਪੰਜਾਬ ਐਕਟ ਨੰ 35 ਤਹਿਤ ਸਥਾਪਿਤ)

**[ ਕਾਲਜ ਸੈਕਸ਼ਨ ]**

ਕਾਲਜ ਸੈਕਸ਼ਨ ਨਾਲ ਸੰਬੰਧਤ ਵੱਖ-ਵੱਖ ਮੁੱਦਿਆਂ ਤੇ ਵਿਚਾਰ ਕਰਨ ਹਿਤ ਵਾਈਸ–ਚਾਂਲਸਰ ਸਾਹਿਬ ਵੱਲੋਂ ਗਠਿਤ ਸਟੈਂਡਿੰਗ ਕਮੇਟੀ ਦੀ ਡੀਨ, ਅਕਾਦਮਿਕ ਮਾਮਲੇ ਦੇ ਦਫਤਰ ਵਿਖੇ ਮਿਤੀ 12-05-2025 ਨੂੰ ਬਾਅਦ ਦੁਪਹਿਰ 04:00 ਵਜੇ ਹੋਈ ਇਕੱਤਰਤਾ ਦੀ ਕਾਰਵਾਈ:

**<u>ਕਮੇਟੀ ਮੈਂਬਰਜ਼:</u>**

1. ਡੀਨ, ਅਕਾਦਮਿਕ ਮਾਮਲੇ (ਚੇਅਰਪਰਸਨ)
2. ਡੀਨ, ਰਿਸਰਚ
3. ਰਜਿਸਟਰਾਰ
4. ਲੀਗਲ ਐਡਵਾਈਜ਼ਰ
5. ਡਾ. ਗੁਰਪ੍ਰੀਤ ਸਿੰਘ ਸਿੱਧੂ (ਕੰਟਰੋਲਰ ਪ੍ਰੀਖਿਆਵਾਂ ਦੇ ਨੁਮਾਇੰਦੇ ਵਜੋਂ)
6. ਸ੍ਰੀ ਕੁਲਜੀਤ ਸਿੰਘ (ਵਿੱਤ ਅਫਸਰ ਦੇ ਨੁਮਾਇੰਦੇ ਵਜੋਂ)
7. ਡੀਨ, ਕਾਲਜ ਵਿਕਾਸ ਕੌਂਸਲ

ਇਕੱਤਰਤਾ ਦੌਰਾਨ ਕਮੇਟੀ ਨੇ ਹੇਠ ਲਿਖੇ ਮੁੱਦਿਆਂ ਤੇ ਵਿਚਾਰ ਵਟਾਂਦਰਾ ਕੀਤਾ:

1. **ਪੋਸਟ ਗ੍ਰੈਜੂਏਟ ਕੋਰਸ ਚਲਾ ਰਹੇ ਸਰਕਾਰੀ ਕਾਲਜਾਂ ਨੂੰ ਪੋਸਟ ਗ੍ਰੈਜੂਏਟ ਸਟੇਟਸ ਸੰਬੰਧੀ ਸਰਟੀਫਿਕੇਟ ਜਾਰੀ ਕਰਨਾ:** ਕਮੇਟੀ ਨੇ ਪ੍ਰਿੰਸੀਪਲ ਦੇਸ਼ ਭਗਤ ਪੰਡਿਤ ਚੇਤਨ ਦੇਵ ਸਰਕਾਰੀ ਕਾਲਜ ਆਫ ਐਜੂਕੇਸ਼ਨ, ਫਰੀਦਕੋਟ ਵੱਲੋਂ ਕਾਲਜ ਨੂੰ ਪੋਸਟ ਗ੍ਰੈਜੂਏਟ ਸਟੇਟਸ ਸੰਬੰਧੀ ਸਰਟੀਫਿਕੇਟ ਜਾਰੀ ਕਰਨ ਹਿਤ ਪ੍ਰਾਪਤ ਹੋਈ ਬਿਨੈ (ਮੀਮੋ ਨੰ. 4616 ਮਿਤੀ 01-04-2025) ਨੂੰ ਵਾਚਿਆ। ਇਹ ਕਾਲਜ 1962 ਤੋਂ ਪੰਜਾਬੀ ਯੂਨੀਵਰਸਿਟੀ ਨਾਲ ਸੰਬੰਧਤ ਹੈ ਅਤੇ ਬੀ.ਐਡ. ਅਤੇ ਐੱਮ.ਐਡ. ਦੇ ਕੋਰਸ ਚਲਾ ਰਿਹਾ ਹੈ। ਹਾਲ ਵਿਚ ਕਈ ਹੋਰ ਸਰਕਾਰੀ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨਾਂ ਵੱਲੋਂ ਵੀ ਇਸ ਪ੍ਰਕਾਰ ਦੇ ਸਰਟੀਫਿਕੇਟ ਸੰਬੰਧੀ ਟੇਲੀਫੋਨ ਰਾਹੀਂ ਪੁੱਛ ਪੜਤਾਲ ਕੀਤੀ ਗਈ ਹੈ। ਕਮੇਟੀ ਨੇ ਵੇਖਿਆ ਕਿ ਭਾਰਤ ਸਰਕਾਰ ਦੁਆਰਾ ਜਾਰੀ ਪੱਤਰ 1-7/2015-U.II(1) ਮਿਤੀ 02-11-2017 ਦੇ ਅਨੁਛੇਦ 4(i) ਅਤੇ 4(ii) ਵਿਚ ਅੰਡਰ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਕਾਲਜਾਂ ਸੰਬੰਧੀ ਜ਼ਿਕਰ ਹੈ, ਪਰੰਤੂ ਅੰਡਰ ਗ੍ਰੈਜੂਏਟ ਜਾਂ ਪੋਸਟ ਗ੍ਰੈਜੂਏਟ ਸਟੇਟਸ ਸੰਬੰਧੀ ਇਸ ਪੱਤਰ ਜਾਂ ਇਹਨਾਂ ਯੂ.ਜੀ.ਸੀ. ਨਿਯਮਾਂ ਵਿਚ ਕੋਈ ਪਰਿਭਾਸ਼ਾ ਮੌਜੂਦ ਨਹੀਂ ਹੈ।

   ਇਸ ਲਈ ਆਮ ਸਮਝ ਦੇ ਅਧਾਰ ਤੇ ਕਮੇਟੀ ਨੇ ਫੈਸਲਾ ਕੀਤਾ ਕਿ ਜਿਹੜੇ ਸਰਕਾਰੀ ਕਾਲਜ ਪੋਸਟ ਗ੍ਰੈਜੂਏਟ ਕੋਰਸ ਚਲਾ ਰਹੇ ਹਨ, ਉਹਨਾਂ ਨੂੰ ਪੋਸਟ ਗ੍ਰੈਜੂਏਟ ਸਟੇਟਸ ਸੰਬੰਧੀ ਸਰਟੀਫਿਕੇਟ ਜਾਰੀ ਕਰਨ ਹਿਤ ਵਾਈਸ ਚਾਂਸਲਰ ਸਾਹਿਬ ਅਤੇ ਸਿੰਡੀਕੇਟ ਦੁਆਰਾ ਪ੍ਰਵਾਨਗੀ ਲੈ ਕੇ ਸਰਟੀਫਿਕੇਟ ਜਾਰੀ ਕਰ ਦੇਣਾ ਚਾਹੀਦਾ ਹੈ। ਕੇਵਲ ਬੀ.ਐੱਡ. ਦਾ ਕੋਰਸ ਆਫਰ ਕਰਨ ਵਾਲੇ ਕਾਲਜਾਂ ਦੇ ਸਟੇਟਸ ਹਿਤ NCTE ਨੂੰ ਪੱਤਰ ਭੇਜ ਕੇ ਸੇਧ ਲੈ ਲਈ ਜਾਵੇ।

2. **ਸਰਕਾਰੀ ਕਾਲਜਾਂ ਵਿਖੇ HIGHER EDUCATION INSTITUTE SOCIETY (HEIS) ਅਧੀਨ ਯੂ.ਜੀ.ਸੀ. ਨਿਯਮਾਂ ਮੁਤਾਬਕ ਯੂਨੀਵਰਸਿਟੀ ਰਾਹੀਂ ਰੱਖੇ ਗਏ ਸਹਾਇਕ ਪ੍ਰੋਫੈਸਰਾਂ ਨੂੰ ਨਿਯੁਕਤੀ ਪ੍ਰਵਾਨਗੀ ਪੱਤਰ ਜਾਰੀ ਕਰਨ ਸੰਬੰਧੀ:** ਕਾਲਜ ਹੈਂਡਬੁੱਕ ਦੇ 10ਵੇਂ ਅਧਿਆਇ ਅਨੁਸਾਰ ਯੂਨੀਵਰਸਿਟੀ ਵੱਲੋਂ ਇੰਟਰਵਿਊ ਕਰਵਾਉਣ ਉਪਰੰਤ ਕਾਲਜਾਂ ਵਿਖੇ ਨਿਯੁਕਤ ਕੀਤੇ ਗਏ ਅਧਿਆਪਕ ਸਾਹਿਬਾਨਾਂ ਦੀ ਪੁਸ਼ਟੀ ਵਜੋਂ ਅਪਰੂਵਲ ਦੇ ਕੇਸ ਨਿਯੁਕਤੀ ਦੇ ਦੋ ਮਹੀਨੇ ਬਾਅਦ ਜਾਂ 75 ਦਿਨਾਂ ਦੇ ਅੰਦਰ-ਅੰਦਰ ਕਾਲਜ ਮੈਨੇਜਮੈਂਟ ਵੱਲੋਂ ਭੇਜੇ ਜਾਣੇ ਹੁੰਦੇ ਹਨ। ਸਰਕਾਰੀ ਕਾਲਜਾਂ ਵਿਖੇ HIGHER EDUCATION INSTITUTE SOCIETY (HEIS) ਅਧੀਨ ਅਸਥਾਈ ਤੌਰ ਤੇ ਉੱਕੀ-ਪੁੱਕੀ ਤਨਖਾਹ ਤੇ ਰੱਖੇ ਗਏ ਸਹਾਇਕ ਪ੍ਰੋਫੈਸਰਾਂ ਨੂੰ ਨਿਯੁਕਤੀ ਪ੍ਰਵਾਨਗੀ ਪੱਤਰ ਜਾਰੀ ਕਰਨ ਸੰਬੰਧੀ ਮੁੱਦੇ ਤੇ ਕਮੇਟੀ ਨੇ ਵਿਚਾਰ ਕੀਤਾ। ਕਮੇਟੀ ਨੇ ਵਾਚਿਆ ਕਿ ਭਾਵੇਂ ਕਈ ਥਾਵਾਂ ਤੇ ਇਹਨਾਂ ਸਹਾਇਕ ਪ੍ਰੋਫੈਸਰਾਂ ਨੂੰ ਅਖਬਾਰਾਂ ਵਿਚ ਇਸ਼ਤਿਹਾਰ ਦੇਣ ਉਪਰੰਤ ਯੂ.ਜੀ.ਸੀ. ਨਿਯਮਾਂ ਮੁਤਾਬਕ ਯੋਗਤਾਵਾਂ ਪੂਰੀਆਂ ਹੋਣ ਦੀ ਸੂਰਤ ਵਿਚ ਯੂਨੀਵਰਸਿਟੀ ਵਿਖੇ ਯੂ.ਜੀ.ਸੀ. ਨਿਯਮਾਂ ਅਨੁਸਾਰ ਚੋਣ ਕਮੇਟੀ ਬਣਾ ਕੇ ਮੈਰਿਟ ਦੇ ਅਧਾਰ ਤੇ ਰੱਖਿਆ ਜਾਂਦਾ ਹੈ, ਪ੍ਰੰਤੂ ਇਸ ਸੰਬੰਧੀ ਰਾਜ ਪੱਧਰ ਤੇ ਕੋਈ ਇਕਸਾਰ ਨੀਤੀ ਮੌਜੂਦ ਨਹੀਂ ਹੈ।

   ਇਸ ਲਈ ਕਮੇਟੀ ਨੇ ਫੈਸਲਾ ਕੀਤਾ ਕਿ ਇਕਸਾਰ ਨੀਤੀ ਦੀ ਗੈਰ-ਮੌਜੂਦਗੀ ਅਤੇ ਪੂਰਾ ਗ੍ਰੇਡ ਨਾ ਮਿਲਣ ਦੀ ਸੂਰਤ ਵਿਚ ਇਹਨਾਂ ਸਹਾਇਕ ਪ੍ਰੋਫੈਸਰਾਂ ਨੂੰ ਅਪਰੂਵਲ ਪੱਤਰ ਜਾਰੀ ਨਹੀਂ ਕੀਤੇ ਜਾ ਸਕਦੇ। HEIS ਅਧਿਆਪਕਾਂ ਦੀ ਯੂਨੀਵਰਸਿਟੀਆਂ ਦੁਆਰਾ ਚੋਣ ਸੰਬੰਧੀ ਰਾਜ ਪੱਧਰ ਤੇ ਕੋਈ ਇਕਸਾਰ ਨੀਤੀ ਬਣਨ ਤੱਕ ਭਵਿੱਖ ਵਿਚ ਇਹਨਾਂ ਦੀ ਇੰਟਰਵਿਊ ਵੀ ਯੂਨੀਵਰਸਿਟੀ ਵਿਖੇ ਨਾ ਕਰਵਾਈ ਜਾਵੇ।

3. **ਸਹਾਇਕ ਪ੍ਰੋਫੈਸਰ ਲਈ ਇੰਟਰਵਿਊ ਹਿਤ ਸ਼ਾਰਟਲਿਸਟਿੰਗ ਮਾਪਦੰਡਾਂ (Shortlisting Criteria) ਵਿਚ ਸੋਧ ਕਰਨ ਸੰਬੰਧੀ:** ਡਾ. ਮਿੰਨੀ ਸਿੰਘ, ਡੀਨ-ਫੈਕਲਟੀ ਆੱਫ ਲਾਈਫ ਸਾਇੰਸਿਜ਼ ਵੱਲੋਂ ਪ੍ਰਾਪਤ ਪੱਤਰ ਨੰ. 36/DLS ਮਿਤੀ 03-03-2025 ਰਾਹੀਂ ਹੇਠ ਲਿਖੇ ਅਨੁਸਾਰ ਧਿਆਨ ਵਿਚ ਲਿਆਂਦਾ ਗਿਆ ਕਿ:

   a. ਸ਼ਾਰਟਲਿਸਟਿੰਗ ਪ੍ਰਫਾਰਮਾ ਵਿਚ ਪੀ.ਐੱਚ.ਡੀ. ਲਈ ਮਹੱਤਵ (Weightage) ਦੀ ਵਿਵਸਥਾ ਨਹੀਂ ਹੈ, ਜਦੋਂ ਕਿ ਯੂ.ਜੀ.ਸੀ. ਦੇ 2018 ਨਿਯਮਾਂ ਵਿਚ ਇਹ ਵਿਵਸਥਾ ਹੈ।
   b. ਯੂ.ਜੀ.ਸੀ. ਨਿਯਮਾਂ ਅਨੁਸਾਰ "The clearing of NET/SLET/SET shall not be required for candidates in such disciplines for which NET/SLET/SET has not been conducted." ਪਰੰਤੂ ਸ਼ਾਰਟਲਿਸਟਿੰਗ ਪ੍ਰਫਾਰਮਾ ਭਰਦੇ ਸਮੇਂ ਇਸ ਪ੍ਰਕਾਰ ਦੇ ਉਮੀਦਵਾਰਾਂ ਲਈ NET/SLET/SET ਦਾ ਕਾਲਮ ਖਾਲੀ ਰਹਿ ਜਾਣ ਕਾਰਨ ਉਹਨਾਂ ਨੂੰ ਸ਼ਾਰਟਲਿਸਟਿੰਗ ਸਮੇਂ ਅੰਕਾਂ ਦਾ ਨੁਕਸਾਨ ਉਠਾਉਣਾ ਪੈਂਦਾ ਹੈ।
   c. ਪੱਤਰ ਰਾਹੀਂ ਉਕਤ ਸੰਬੰਧੀ ਇਹ ਵੀ ਸਲਾਹ ਮੰਗੀ ਗਈ ਕਿ ਜੇਕਰ ਅਜਿਹੇ ਵਿਸ਼ਿਆਂ (ਜਿਨ੍ਹਾਂ ਲਈ NET/SLET/SET ਕੰਡਕਟ ਨਹੀਂ ਕਰਵਾਇਆ ਜਾਂਦਾ) ਨਾਲ ਸੰਬੰਧਤ ਕਿਸੇ ਉਮੀਦਵਾਰ ਨੇ ਮਾਸਟਰ ਡਿਗਰੀ ਤੋਂ ਬਾਅਦ 3-4 ਸਾਲ ਲਈ ਕਿਸੇ ਪ੍ਰਤਿਸ਼ਠਿਤ ਅਦਾਰੇ ਜਾਂ ਪ੍ਰਯੋਗਸ਼ਾਲਾ ਵਿਖੇ ਕੰਮ ਕੀਤਾ ਹੋਵੇ ਅਤੇ ਆਪਣੀ ਖੋਜ ਨਾਲ ਸੰਬੰਧਤ ਪੱਤਰ ਉੱਚ impact factor ਵਾਲੇ journals ਵਿਚ ਪ੍ਰਕਾਸ਼ਿਤ ਕੀਤੇ ਹੋਣ, ਤਾਂ ਕੀ ਉਹਨਾਂ ਨੂੰ ਸਹਾਇਕ ਪ੍ਰੋਫੈਸਰ ਦੀ ਅਸਾਮੀ ਲਈ ਯੋਗ ਮੰਨਿਆ ਜਾ ਸਕਦਾ ਹੈ?
   d. ਯੂਨੀਵਰਸਿਟੀ ਵਿਖੇ ਇੰਜੀਨੀਅਰਿੰਗ, ਫਿਜ਼ਿਓਥਿਰੈਪੀ, ਫੂਡ ਟੈਕਨਾਲੋਜੀ, ਸਪੋਰਟਸ ਸਾਇੰਸ ਆਦਿ ਵਰਗੇ ਅਜਿਹੇ ਕਈ ਵਿਸ਼ੇ ਹਨ, ਜਿਨ੍ਹਾਂ ਲਈ NET/SLET/SET ਕੰਡਕਟ ਨਹੀਂ ਕਰਵਾਇਆ ਜਾਂਦਾ, ਜਿਸ ਕਾਰਨ ਇਹਨਾਂ ਦੇ ਵਿਦਿਆਰਥੀਆਂ ਨੂੰ ਅਲਾਈਡ ਵਿਸ਼ਿਆਂ ਲਈ ਸ਼ਾਰਟਲਿਸਟਿੰਗ ਸਮੇਂ ਨੁਕਸਾਨ ਉਠਾਉਣਾ ਪੈਂਦਾ ਹੈ।

ਉਕਤ ਨੁਕਤਿਆਂ ਤੇ ਵਿਚਾਰ ਕਰਦੇ ਸਮੇਂ ਕਮੇਟੀ ਵੱਲੋਂ ਯੂ.ਜੀ.ਸੀ. ਦੇ 2018 ਨਿਯਮਾਂ ਵਿਚ ਪੰਨਾ 107-108 ਤੇ ਦਿੱਤੀਆਂ ਸਾਰਨੀਆਂ ਦੀ ਲੋਅ ਵਿਚ ਸ਼ਾਰਟਲਿਸਟਿੰਗ ਪ੍ਰਫਾਰਮਾ ਨੂੰ ਘੋਖਿਆ ਗਿਆ ਅਤੇ ਕ੍ਰਮਵਾਰ ਹੇਠ ਲਿਖੇ ਅਨੁਸਾਰ ਅਵਲੋਕਣ ਕੀਤਾ ਗਿਆ:

a. ਕਾਲਜ ਸੈਕਸ਼ਨ ਅਤੇ ਯੂ.ਜੀ.ਸੀ. 2018 ਦੇ ਸ਼ਾਰਟਲਿਸਟਿੰਗ ਮਾਪਦੰਡਾਂ ਦੀ ਤੁਲਨਾ ਇਸ ਪ੍ਰਕਾਰ ਹੈ:

| College Section's Performa | | UGC 2018 Guidelines for Colleges (Tab. 3B) | |
|---|---|---|---|
| **SHORTLISTING** | **MM** | **SHORTLISTING** | **MM** |
| Bachelor's Degree %age x 0.05 | 05 | Graduation (10, 16, 19, 21) | 21 |
| Bachelor's Degree %age x 0.10 | 10 | Post Graduation | 25 |
| Ph.D.+ NET (No marks awarded to either one alone as it just satisfies the eligibility condition) | 07 | M.Phil. (5 to 7) + Ph.D. (25) | 25 |
| JRF (UGC, CSIR, DST, DBT, AICTE) | 05 | SLET/SET (5), NET (8) JRF (10) | 10 |
| University Gold Medalist | 03 | Awards (Int./Nat.: 3; State: 2) | 03 |
| **Total Score in Academic Record** | **30** | **Total Score in Academic Record** | **84** |
| **Total Score in Research Performance** | **20** | Research Publications | **06** |
| **Total Score in Teaching Experience** | **15** | Teaching Experience | **10** |
| **Total Score for Shortlisting** | **65** | **Total Score for Shortlisting** | **100*** |
| **INTERVIEW** | | **INTERVIEW** | |
| **Domain Knowledge** | **15** | *The Academic Score is for short-listing for interview only. Selections shall be based only on the performance in the interview. | |
| **Interview Performance** | **20** | | |
| **GRAND TOTAL** | **100** | | |

ਕਾਲਜ ਸੈਕਸ਼ਨ ਦੇ ਸ਼ਾਰਟਲਿਸਟਿੰਗ ਪ੍ਰਫਾਰਮਾ ਅਨੁਸਾਰ ਕਿਉਂਕਿ ਸਹਾਇਕ ਪ੍ਰੋਫੈਸਰ ਲਈ ਯੋਗਤਾ ਵਜੋਂ NET ਜਾਂ ਪੀ.ਐੱਚ.ਡੀ. ਦੀ ਸ਼ਰਤ ਹੈ, ਇਸ ਲਈ ਇਹਨਾਂ ਵਿੱਚੋਂ ਕੋਈ ਵੀ ਇਕ ਹੋਣ ਤੇ ਕੇਵਲ ਸ਼ਰਤ ਦੀ ਪੂਰਤੀ ਹੀ ਹੋਵੇਗੀ, ਪਰੰਤੂ ਉਮੀਦਵਾਰ ਵੱਲੋਂ ਦੋਵੇਂ ਯੋਗਤਾਵਾਂ - ਪੀ.ਐੱਚ.ਡੀ. ਅਤੇ NET ਕਲੀਅਰ ਹੋਣ ਦੀ ਸੂਰਤ ਵਿਚ 7 ਅੰਕ ਦਿੱਤੇ ਜਾਣਗੇ। ਇਸ ਪ੍ਰਕਾਰ ਪੀ.ਐੱਚ.ਡੀ. ਲਈ ਸ਼ਾਰਟਲਿਸਟਿੰਗ ਦੇ ਕੁੱਲ 65 ਅੰਕਾਂ ਵਿੱਚੋਂ 07 ਅੰਕ (10.8%) ਦੇਣ ਦੀ ਵਿਵਸਥਾ ਹੈ। ਇਸ ਤੋਂ ਇਲਾਵਾ ਕਾਲਜ ਸੈਕਸ਼ਨ ਦੇ ਮਾਪਦੰਡਾਂ ਅਨੁਸਾਰ ਉਮੀਦਵਾਰ ਦੀ ਚੋਣ ਹਿਤ ਇੰਟਰਵਿਊ ਲਈ ਕੁੱਲ 35% ਅੰਕਾਂ ਦੀ ਵਿਵਸਥਾ ਹੈ, ਜਦੋਂ ਕਿ ਯੂ.ਜੀ.ਸੀ. ਦੇ 2018 ਨਿਯਮਾਂ ਮੁਤਾਬਕ ਸ਼ਾਰਟਲਿਸਟਿੰਗ ਉਪਰੰਤ ਅੰਤਿਮ ਚੋਣ ਪੂਰਨ ਤੌਰ ਤੇ ਇੰਟਰਵਿਊ ਦੌਰਾਨ ਪ੍ਰਦਰਸ਼ਨ ਤੇ ਨਿਰਭਰ ਕਰਦੀ ਹੈ। ਕਮੇਟੀ ਨੇ ਇਹ ਵੀ ਵੇਖਿਆ ਕਿ ਯੂ.ਜੀ.ਸੀ. ਨਿਯਮਾਂ ਮੁਤਾਬਕ ਇੰਟਰਵਿਊ ਦੌਰਾਨ ਸਲੈਕਸ਼ਨ ਕਮੇਟੀ ਵਿਚ ਵਾਈਸ ਚਾਂਸਲਰ ਦੇ ਨੁਮਾਇੰਦੇ ਤੋਂ ਇਲਾਵਾ 2 ਜਾਂ 3 ਵਿਸ਼ਾ ਮਾਹਿਰ ਮੌਜੂਦ ਹੋਣੇ ਚਾਹੀਦੇ ਹਨ, ਜੋ ਕਿ ਇੰਟਰਵਿਊ ਵੇਲੇ ਉਮੀਦਵਾਰ ਦੇ

ਪੁਖਤਾ ਮੁੱਲਾਂਕਣ ਲਈ ਕਾਫੀ ਹਨ। ਇਸ ਲਈ ਵਿਚਾਰ ਉਪਰੰਤ ਕਮੇਟੀ ਨੇ ਫੈਸਲਾ ਕੀਤਾ ਕਿ ਯੂ.ਜੀ.ਸੀ. ਦੇ 2018 ਨਿਯਮਾਂ ਵਿਚ ਸ਼ਾਰਟਲਿਸਟਿੰਗ ਅਤੇ ਇੰਟਰਵਿਊ ਸੰਬੰਧੀ ਕੀਤੀ ਗਈ ਵਿਵਸਥਾ ਨੂੰ ਇੰਨ-ਬਿੰਨ ਅਡਾਪਟ ਕਰ ਲਿਆ ਜਾਵੇ ਅਤੇ ਕਾਲਜ ਇੰਨਫਰਮੇਸ਼ਨ ਹੈਂਡਬੁੱਕ ਵਿਚ ਲੋੜੀਂਦੀ ਸੋਧ ਕਰ ਲਈ ਜਾਵੇ।

b. ਉਕਤ (a) ਸੰਬੰਧੀ ਫੈਸਲੇ ਨਾਲ ਯੂ.ਜੀ.ਸੀ. ਦੇ ਨਿਯਮਾਂ ਤਹਿਤ ਬਣਦੇ ਅੰਕ ਹੀ ਦਿੱਤੇ ਜਾ ਸਕਦੇ ਹਨ ਅਤੇ NET/SLET/SET ਦਾ ਕਾਲਮ ਖਾਲੀ ਰਹਿ ਜਾਣ ਦੀ ਸੂਰਤ ਵਿਚ ਸ਼ਾਰਟਲਿਸਟਿੰਗ ਸਮੇਂ ਵੱਖਰੇ ਅੰਕਾਂ ਲਈ ਵਿਵਸਥਾ ਕਰਨੀ ਸੰਭਵ ਨਹੀਂ ਹੋਵੇਗੀ।

c. ਅਜਿਹੇ ਕੇਸਾਂ ਲਈ ਨਿਯਮਾਂ ਮੁਤਾਬਕ ਖੋਜ ਦੇ ਕੰਮ ਨੂੰ ਪੀ.ਐੱਚ.ਡੀ. ਦੇ ਬਰਾਬਰ ਮੰਨਣ ਸੰਬੰਧੀ ਪ੍ਰਾਵਧਾਨਾਂ ਅਨੁਸਾਰ ਕਮੇਟੀ ਗਠਿਤ ਕਰਵਾ ਕੇ ਕਾਰਵਾਈ ਕੀਤੀ ਜਾ ਸਕਦੀ ਹੈ।

d. ਉਕਤ (b) ਵਾਲਾ ਤਰਕ ਲਾਗੂ ਰਹੇਗਾ।

ਅੰਤ ਵਿਚ ਕਮੇਟੀ ਨੇ ਫੈਸਲਾ ਕੀਤਾ ਕਿ ਉਕਤ ਸਿਫਾਰਸ਼ਾਂ ਨੂੰ ਮਾਨਯੋਗ ਵਾਈਸ ਚਾਂਸਲਰ ਸਾਹਿਬ ਵੱਲੋਂ ਪ੍ਰਵਾਨ ਕਰਵਾਉਣ ਉਪਰੰਤ ਕਾਲਜ ਸੈਕਸ਼ਨ ਵੱਲੋਂ ਜਾਰੀ ਇਨਫਰਮੇਸ਼ਨ ਹੈਂਡਬੁੱਕ ਅਤੇ ਸ਼ਾਰਟਲਿਸਟਿੰਗ ਪ੍ਰਫਾਰਮਾ ਆਦਿ ਵਿਚ ਲੋੜੀਂਦੀਆਂ ਸੋਧਾਂ ਕਰ ਲਈਆਂ ਜਾਣ।

4. **ਦੇਰੀ ਨਾਲ ਪ੍ਰਾਪਤ ਹੋਣ ਵਾਲੇ ਅਪਰੂਵਲ ਕੇਸਾਂ ਤੇ ਲਗਾਏ ਜਾਣ ਵਾਲੇ ਜੁਰਮਾਨੇ ਵਿਚ ਛੋਟ ਸੰਬੰਧੀ:** ਕਾਲਜ ਹੈਂਡਬੁੱਕ ਦੇ 10ਵੇਂ ਅਧਿਆਇ ਅਨੁਸਾਰ ਯੂਨੀਵਰਸਿਟੀ ਵੱਲੋਂ ਇੰਟਰਵਿਊ ਕਰਵਾਉਣ ਉਪਰੰਤ ਕਾਲਜਾਂ ਵਿਖੇ ਨਿਯੁਕਤ ਕੀਤੇ ਗਏ ਅਧਿਆਪਕ ਸਾਹਿਬਾਨਾਂ ਦੀ ਪੁਸ਼ਟੀ ਵਜੋਂ ਅਪਰੂਵਲ ਦੇ ਕੇਸ ਨਿਯੁਕਤੀ ਦੇ ਦੋ ਮਹੀਨੇ ਬਾਅਦ ਜਾਂ 75 ਦਿਨਾਂ ਦੇ ਅੰਦਰ ਅੰਦਰ ਕਾਲਜ ਮੈਨੇਜਮੈਂਟ ਵੱਲੋਂ ਭੇਜੇ ਜਾਣੇ ਹੁੰਦੇ ਹਨ। ਇਸ ਸੰਬੰਧੀ ਦੇਰੀ ਹੋਣ ਦੀ ਸੂਰਤ ਵਿਚ ਯੂਨੀਵਰਸਿਟੀ ਵੱਲੋਂ ਕਾਲਜ ਸੈਕਸ਼ਨ ਦੇ ਪੱਤਰ ਨੰ. 1458/ਕਾਲਜਾਂ/ਸ-2 ਮਿਤੀ 26-04-2022 ਤਹਿਤ ਹੇਠ ਲਿਖੇ ਅਨੁਸਾਰ ਲੇਟ ਫੀਸ/ਜੁਰਮਾਨਾ ਲਿਆ ਜਾਂਦਾ ਹੈ:

a. ਚੁਣੇ ਗਏ ਉਮੀਦਵਾਰ ਦੇ ਹਾਜ਼ਰ ਹੋਣ ਤੋਂ 4 ਮਹੀਨੇ ਬਾਅਦ (ਅਗਲੇ 1 ਮਹੀਨੇ ਤੱਕ): 1000/- ਰੁਪਏ
b. ਚੁਣੇ ਗਏ ਉਮੀਦਵਾਰ ਦੇ ਹਾਜ਼ਰ ਹੋਣ ਤੋਂ 5 ਮਹੀਨੇ ਬਾਅਦ (ਅਗਲੇ 1 ਮਹੀਨੇ ਤੱਕ): 3000/- ਰੁਪਏ
c. ਚੁਣੇ ਗਏ ਉਮੀਦਵਾਰ ਦੇ ਹਾਜ਼ਰ ਹੋਣ ਤੋਂ 6 ਮਹੀਨੇ ਬਾਅਦ (ਅਗਲੇ 6 ਮਹੀਨੇ ਤੱਕ): 5000/- ਰੁਪਏ
d. ਉਕਤ ਤੋਂ ਬਾਅਦ ਹਰ ਸਾਲ ਲਈ 10,000/- ਰੁਪਏ ਸਾਲਾਨਾ ਦੀ ਦਰ ਨਾਲ

ਇਸ ਸੰਬੰਧੀ ਸ੍ਰੀਮਤੀ ਕਵਿਤਾ ਕਪੂਰ, ਸੈਫਰਨ ਕਾਲਜ ਫਾਰ ਗਰਲਜ਼ ਕੋਟਲਾ ਬਜਵਾੜਾ ਨੂੰ ਅਪਰੂਵਲ ਕੇਸ ਲੇਟ ਜਮ੍ਹਾਂ ਕਰਵਾਉਣ ਕਾਰਨ
ਯੂਨੀ. ਨਿਯਮਾਂ ਅਨੁਸਾਰ ਪ੍ਰਤੀ ਸਾਲ 10000/- ਹਿਸਾਬ ਨਾਲ 70,000/- ਰੁਪਏ ਅਤੇ ਡਾ. ਨਰਿੰਦਰ ਕੌਰ ਸ਼ਹੀਦ ਊਧਮ ਸਿੰਘ
ਕਾਲਜ ਆਫ ਰਿਸਰਚ ਐਂਡ ਟੈਕਨਾਲੋਜੀ, ਟੰਗੋਰੀ ਨੂੰ ਕਾਲਜ ਵੱਲੋਂ ਅਪਰੂਵਲ ਕੇਸ ਲੇਟ ਜਮ੍ਹਾਂ ਕਰਵਾਉਣ ਕਾਰਨ ਯੂਨੀ. ਨਿਯਮਾਂ ਅਨੁਸਾਰ
ਪ੍ਰਤੀ ਸਾਲ 10,000/- ਹਿਸਾਬ ਨਾਲ 1,00,000/-ਜੁਰਮਾਨਾ ਲੱਗਾ ਸੀ। ਇਨ੍ਹਾਂ ਦੋਨਾਂ ਅਧਿਆਪਕਾਂ ਵੱਲੋਂ ਬਣਦਾ ਜੁਰਮਾਨਾ ਮੁਆਫ
ਕਰਵਾਉਣ ਸਬੰਧੀ ਬਿਨੈ ਪੱਤਰ ਪ੍ਰਾਪਤ ਹੋਇਆ ਹੈ। ਅਧਿਆਪਕਾਂ ਵੱਲੋਂ ਜ਼ੁਬਾਨੀ ਤੌਰ ਤੇ ਇਹ ਵੀ ਦੱਸਿਆ ਗਿਆ ਕਿ ਮੈਨੇਜਮੈਂਟਾਂ
ਯੂਨੀਵਰਸਿਟੀ ਵੱਲੋਂ ਲਗਾਏ ਗਏ ਇਸ ਜੁਰਮਾਨੇ ਦੀ ਰਕਮ ਆਮ ਤੌਰ ਤੇ ਸੰਬੰਧਤ ਅਧਿਆਪਕਾਂ ਪਾਸੋਂ ਹੀ ਨਕਦ ਵਸੂਲਦੀਆਂ ਹਨ।
ਇਸ ਲਈ ਸੰਬੰਧਤ ਕੇਸਾਂ ਤੇ ਵਿਚਾਰ ਕਰਦਿਆਂ ਕਮੇਟੀ ਨੇ ਵੇਖਿਆ ਕਿ ਇਸ ਸੰਬੰਧ ਵਿਚ ਸਟੈਂਡਿੰਗ ਕਮੇਟੀ ਦੀ ਮਿਤੀ 05-08-
2022 ਨੂੰ ਹੋਈ ਇਕੱਤਰਤਾ ਦੌਰਾਨ ਹੋਏ ਫੈਸਲੇ ਉਪਰੰਤ ਕਾਲਜ ਸੈਕਸ਼ਨ ਵੱਲੋਂ ਜਾਰੀ ਪੱਤਰ ਨੰ. 3349/ਕਾਲਜਾਂ/ਸ-2 ਮਿਤੀ 22-
09-2022 ਰਾਹੀਂ ਇਸ ਪ੍ਰਕਾਰ ਦੇ ਕੇਸਾਂ ਨੂੰ "ਗੋਲਡਨ ਚਾਂਸ" ਵਜੋਂ ਇੱਕ ਵਾਰ ਰਿਆਇਤ ਦਿੱਤੀ ਜਾ ਚੁੱਕੀ ਹੈ।
ਅਪਰੂਵਲ ਕੇਸ ਭੇਜਣ ਵਿਚ ਦੇਰੀ ਕਰਨ ਦੀ ਪ੍ਰਥਾ ਨੂੰ ਰੋਕਣ ਲਈ ਕਮੇਟੀ ਨੇ ਫੈਸਲਾ ਕੀਤਾ ਕਿ ਪਹਿਲਾਂ ਇਕ ਵਾਰ ਦਿੱਤੇ ਜਾ
ਚੁੱਕੇ "ਗੋਲਡਨ ਚਾਂਸ" ਉਪਰੰਤ ਹੁਣ ਅਜਿਹੇ ਸਾਰੇ ਕੇਸਾਂ ਵਿਚ ਨਿਯਮਾਂ ਮੁਤਾਬਕ ਜੁਰਮਾਨਾ ਲਾਗੂ ਰੱਖਿਆ ਜਾਵੇ।

5. **ਪਟੇਲ ਮੈਮੋਰੀਅਲ ਕਾਲਜ ਵਿਖੇ ਨਿਯੁਕਤ ਕੀਤੇ ਗਏ ਅਧਿਆਪਕਾਂ ਦੀ ਅਪਰੂਵਲ ਸੰਬੰਧੀ:** ਪਟੇਲ ਮੈਮੋਰੀਅਲ ਕਾਲਜ, ਰਾਜਪੁਰਾ ਵਿਖੇ ਅੰਗਰੇਜੀ ਵਿਸ਼ੇ ਦੇ ਦੋ ਅਧਿਆਪਕ, ਰਸ਼ਮੀ ਬੱਤਾ ਅਤੇ ਮਿੰਕੀ ਓਬਰਾਏ ਦੇ ਅਪਰੂਵਲ ਸੰਬੰਧੀ ਕੇਸ ਦਫਤਰ ਵਿਖੇ ਪ੍ਰਾਪਤ ਹੋਏ ਸਨ, ਪਰੰਤੂ ਇਹਨਾਂ ਕੇਸਾਂ ਨਾਲ ਚੋਣ ਕਮੇਟੀਆਂ ਦੀਆਂ ਇਕੱਤਰਤਾਵਾਂ ਦੀ ਕਾਰਵਾਈ ਨੱਥੀ ਨਹੀਂ ਸੀ। ਅਧਿਆਪਕਾਂ ਵੱਲੋਂ ਡੀਨ ਕਾਲਜ ਵਿਕਾਸ ਕੌਂਸਲ ਨੂੰ ਦੱਸੇ ਅਨੁਸਾਰ 7 ਦਸੰਬਰ 2022 ਨੂੰ ਵਾਰਿਸ ਭਵਨ, ਪੰਜਾਬੀ ਯੂਨੀਵਰਸਿਟੀ ਵਿਖੇ ਹੋਈਆਂ ਇਹਨਾਂ ਇੰਟਰਵਿਊਜ਼ ਦੀ ਕਾਰਵਾਈ ਡੀਨ, ਕਾਲਜ ਵਿਕਾਸ ਕੌਂਸਲ ਦਫਤਰ ਵੱਲੋਂ ਕਾਲਜ ਨੂੰ ਨਹੀਂ ਭੇਜੀ ਗਈ ਸੀ, ਜਦੋਂ ਕਿ ਦਫਤਰੀ ਅਮਲੇ ਅਤੇ ਉਸ ਸਮੇਂ ਦੇ ਡੀਨ ਕਾਲਜ ਵਿਕਾਸ ਕੌਂਸਲ ਵੱਲੋਂ ਦੱਸੇ ਅਨੁਸਾਰ ਇਸ ਕਾਲਜ ਦੀਆਂ ਇੰਟਰਵਿਊਜ਼ ਸਮੇਂ ਪੰਜਾਬੀ ਦੇ ਸਹਾਇਕ ਪ੍ਰੋਫੈਸਰ ਦੀ ਨਿਯੁਕਤੀ ਨੂੰ ਲੈ ਕੇ ਮੈਨੇਜਮੈਂਟ ਨਾਲ ਝਗੜਾ ਹੋ ਜਾਣ ਕਾਰਨ ਕੇਵਲ ਸ਼ੁਰੂਆਤ ਦੀਆਂ ਇਕੱਤਰਤਾਵਾਂ ਦੀ ਕਾਰਵਾਈ ਹੀ ਤਿਆਰ ਕੀਤੀ ਗਈ ਸੀ ਅਤੇ ਬਾਅਦ ਵਿਚ ਅੰਗਰੇਜੀ ਵਿਸ਼ੇ ਦੇ ਉਕਤ ਦੋਵੇਂ ਉਮੀਦਵਾਰਾਂ ਨੂੰ ਕਾਲਜ ਮੈਨੇਜਮੈਂਟ ਵੱਲੋਂ ਆਪਣੇ ਪੱਧਰ ਤੇ ਹੀ ਨਿਯੁਕਤ ਕੀਤਾ ਗਿਆ ਸੀ, ਜਿਸ ਕਾਰਨ ਦਫਤਰ ਵਿਖੇ ਚੋਣ ਕਮੇਟੀਆਂ ਦੀ ਇਕੱਤਰਤਾਵਾਂ ਦੀ ਕਾਰਵਾਈ ਸੰਬੰਧੀ ਦਸਤਾਵੇਜ਼ ਮੌਜੂਦ ਨਹੀਂ ਹਨ। ਦੱਸਣਯੋਗ ਹੈ ਕਿ ਕਾਲਜ

ਮੈਨੇਜਮੈਂਟ ਨੇ ਬਾਅਦ ਵਿਚ ਪੰਜਾਬੀ ਦੇ ਸਹਾਇਕ ਪ੍ਰੋਫੈਸਰ ਨੂੰ ਨਿਯੁਕਤ ਕਰਵਾ ਲਿਆ ਸੀ, ਪਰੰਤੂ ਵਿਸ਼ਾ ਅਧੀਨ ਇਕੱਤਰਤਾਵਾਂ ਦੀ ਕਾਰਵਾਈ ਉਪਲਬਧ ਨਾ ਹੋਣ ਕਾਰਨ ਅੰਗਰੇਜੀ ਵਿਸ਼ੇ ਦੇ ਇਹਨਾਂ ਦੋ ਅਧਿਆਪਕਾਂ ਦੇ ਕੇਸ ਲਟਕਾ ਅਵਸਥਾ ਵਿਚ ਹੀ ਪਏ ਹਨ।

ਕਮੇਟੀ ਨੇ ਫੈਸਲਾ ਕੀਤਾ ਕਿ ਇਕੱਤਰਤਾਵਾਂ ਦੀ ਕਾਰਵਾਈ ਸੰਬੰਧੀ ਦਸਤਾਵੇਜ਼ਾਂ ਦੀ ਅਣਹੋਂਦ ਵਿਚ ਅਪਰੂਵਲ ਸੰਬੰਧੀ ਕਾਰਵਾਈ ਕਰਨੀ ਸੰਭਵ ਨਹੀਂ।

6. **ਐੱਨ.ਸੀ.ਟੀ.ਈ. ਵੱਲੋਂ ਸਮੇਂ-ਸਮੇਂ ਤੇ ਜਾਰੀ ਕੀਤੇ ਜਾਣ ਵਾਲੇ ਨਿਯਮਾਂ ਦੀ ਇੰਨ-ਬਿੰਨ ਪਾਲਣਾ ਕਰਨ ਸੰਬੰਧੀ:** ਕਾਲਜ ਸੈਕਸ਼ਨ ਵੱਲੋਂ ਜਾਰੀ ਪੱਤਰ ਨੰ. 15354-15434/ਕਾਲਜ/ਸ-2 ਮਿਤੀ 09-09-2015 ਨੂੰ ਵਿਚਾਰਨ ਹਿਤ ਕਮੇਟੀ ਦੇ ਸਨਮੁਖ ਰੱਖਿਆ ਗਿਆ। ਇਸ ਪੱਤਰ ਦੇ ਲੜੀ ਨੰ. 2 ਤੇ ਦਰਜ ਪੈਰੇ ਰਾਹੀਂ ਉਸ ਸਾਲ ਐਜੂਕੇਸ਼ਨ ਕਾਲਜਾਂ ਵਿਖੇ ਨਿਯੁਕਤੀ ਲਈ ਯੂ.ਜੀ.ਸੀ./ਐੱਨ.ਸੀ.ਟੀ.ਈ. ਦੇ ਨਿਯਮਾਂ ਅਨੁਸਾਰ ਯੋਗ ਉਮੀਦਵਾਰਾਂ ਦੀ ਕਮੀ ਦੇ ਮੱਦੇਨਜ਼ਰ ਇਹਨਾਂ ਨਿਯਮਾਂ ਵਿਚ ਅੰਸ਼ਿਕ ਬਦਲਾਅ ਕਰਦੇ ਹੋਏ ਟੀਚਿੰਗ ਆਫ ਪੰਜਾਬੀ/ਹਿੰਦੀ/ਅੰਗਰੇਜ਼ੀ/ਸਾਇੰਸ/ਸੋਸ਼ਲ ਸਾਇੰਸ ਆਦਿ ਵਾਲੇ ਉਮੀਦਵਾਰਾਂ ਲਈ ਵਿਵਸਥਾ ਕੀਤੀ ਗਈ ਸੀ ਕਿ ਉਹਨਾਂ ਨੇ NET ਚਾਹੇ ਐਜੂਕੇਸ਼ਨ ਵਿਸ਼ੇ ਵਿਚ ਪਾਸ ਕੀਤਾ ਹੋਵੇ, ਜਾਂ ਸੰਬੰਧਤ ਵਿਸ਼ੇ ਵਿਚ, ਉਹ ਨਿਯੁਕਤੀ ਲਈ ਯੋਗ ਹੋਣਗੇ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਮਾਨਯੋਗ ਪੰਜਾਬ ਅਤੇ ਹਰਿਆਣਾ ਉੱਚ ਅਦਾਲਤ ਵੱਲੋਂ CM No. 1679 of 2016 in CWP No. 15773 of 2015 ਤਹਿਤ ਹੋਏ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ ਉਹਨਾਂ private un-aided ਕਾਲਜਾਂ, ਜਿਹਨਾਂ ਵਿਚ ਸਿਰਫ ਬੀ.ਐੱਡ. ਕੋਰਸ ਚੱਲ ਰਹੇ ਹਨ, ਵਿਚ ਰੱਖੇ ਜਾਣ ਵਾਲੇ ਸਹਾਇਕ ਪ੍ਰੋਫੈਸਰਾਂ ਨੂੰ ਕਾਲਜ ਸੈਕਸ਼ਨ ਦੇ ਪੱਤਰ ਨੰ. 19525-19797/ਸ-2 ਮਿਤੀ 29-08-2016 ਰਾਹੀਂ NET ਤੋਂ ਛੋਟ ਦਿੱਤੀ ਗਈ ਸੀ, ਪ੍ਰੰਤੂ ਜਿਹਨਾਂ ਕਾਲਜਾਂ ਵਿਚ ਬੀ.ਏ.-ਬੀ.ਐੱਡ., ਐੱਮ.ਏ.-ਐੱਮ.ਐੱਡ. ਕੋਰਸ ਚਲਦੇ ਹਨ, ਵਿਚ NET ਦੀ ਸ਼ਰਤ ਲਾਗੂ ਰਹਿਣ ਬਾਰੇ ਆਦੇਸ਼ ਦਿੱਤੇ ਗਏ ਸਨ। ਇਸ ਤੋਂ ਇਲਾਵਾ ਮਿਤੀ 05-06-2024 ਨੂੰ ਹੋਈ ਸਿੰਡੀਕੇਟ ਦੀ ਇੱਕਤਰਤਾ ਦੀ ਕਾਰਵਾਈ ਦੇ ਅਨੁਪੂਰਕ ਪੈਰਾ 2.6 ਅਨੁਸਾਰ ਕਾਲਜ ਸੈਕਸ਼ਨ ਵੱਲੋਂ ITEP ਕੋਰਸਾਂ ਸੰਬੰਧੀ ਜਾਰੀ ਪੱਤਰ 1625/ਡੀ.ਕਾ. ਮਿਤੀ 22-08-2024 ਤੇ ਵੀ ਵਿਚਾਰ ਕੀਤੀ ਗਈ। ਇਹਨਾਂ ਪੱਤਰਾਂ ਦੇ ਜਾਰੀ ਹੋਣ ਤੋਂ ਬਾਅਦ ਐੱਨ.ਸੀ.ਟੀ.ਈ. ਵੱਲੋਂ ਲਗਾਤਾਰ ITEP ਕੋਰਸਾਂ ਲਈ ਨਵੀਆਂ ਗਾਈਡਲਾਈਨਜ਼ ਤਿਆਰ ਕੀਤੀਆਂ ਜਾ ਰਹੀਆਂ ਹਨ, ਜਿਹਨਾਂ ਅਨੁਸਾਰ stand-alone B.Ed. courses ਕਰਵਾਉਣ ਵਾਲੇ ਕਾਲਜਾਂ ਨੂੰ ਆਉਣ ਵਾਲੇ ਵਰ੍ਹਿਆਂ ਦੌਰਾਨ phase-out ਕਰ ਕੇ ਬਹੁ-ਅਨੁਸ਼ਾਸ਼ਨੀ ਅਦਾਰਿਆਂ ਵਿਚ ਤਬਦੀਲ ਕੀਤਾ ਜਾਣਾ ਹੈ।

ਇਹਨਾਂ ਬਦਲ ਰਹੀਆਂ ਪਰਿਸਥਿਤੀਆਂ ਦੇ ਮੱਦੇਨਜ਼ਰ ਕਮੇਟੀ ਸਿਫਾਰਿਸ਼ ਕਰਦੀ ਹੈ ਕਿ ਉਚੇਰੀ ਵਿੱਦਿਆ ਦੇ ਮਿਆਰ ਨੂੰ ਬਰਕਰਾਰ ਰੱਖਣ ਲਈ ਕਾਲਜ ਸੈਕਸ਼ਨ ਵੱਲੋਂ ਜਾਰੀ ਉਕਤ ਪੱਤਰਾਂ ਨੂੰ ਰੱਦ ਕਰਦੇ ਹੋਏ ਐੱਨ.ਸੀ.ਟੀ.ਈ. ਵੱਲੋਂ ਸਮੇਂ-ਸਮੇਂ ਤੇ ਜਾਰੀ ਕੀਤੇ ਜਾਣ ਵਾਲੇ ਨਿਯਮਾਂ ਦੀ ਇੰਨ-ਬਿੰਨ ਪਾਲਣਾ ਹੀ ਉਚਿਤ ਹੋਵੇਗੀ। ਇਸ ਲਈ ਇਕੱਤਰਤਾ ਦੇ ਕਾਰਜ ਵੇਰਵੇ ਦੀ ਵਾਈਸ ਚਾਂਸਲਰ ਸਾਹਿਬ ਤੋਂ ਪ੍ਰਵਾਨਗੀ ਬਾਅਦ ਅਕਾਦਮਿਕ ਕੌਂਸਲ ਅਤੇ ਸਿੰਡੀਕੇਟ ਦੁਆਰਾ ਪ੍ਰਵਾਨਗੀ ਲੈਣ ਉਪਰੰਤ ਕਾਲਜ ਸੈਕਸ਼ਨ ਵੱਲੋਂ ਇਸ ਸੰਬੰਧੀ ਨਵਾਂ ਪੱਤਰ ਜਾਰੀ ਕਰ ਦਿੱਤਾ ਜਾਵੇ ਕਿ ਅਕਾਦਮਿਕ ਕੌਂਸਲ ਦੁਆਰਾ ਪ੍ਰਵਾਨਗੀ ਦੀ ਮਿਤੀ ਤੋਂ ਐੱਨ.ਸੀ.ਟੀ.ਈ. ਵੱਲੋਂ ਸਮੇਂ-ਸਮੇਂ ਤੇ ਜਾਰੀ ਕੀਤੇ ਜਾਣ ਵਾਲੇ ਸਾਰੇ ਨਿਯਮ ਇੰਨ-ਬਿੰਨ ਲਾਗੂ ਹੋਇਆ ਕਰਨਗੇ।

| ਲੀਗਲ ਐਡਵਾਈਜ਼ਰ | (ਡਾ. ਗੁਰਪ੍ਰੀਤ ਸਿੰਘ ਸਿੱਧੂ)<br>[ਕੰਟਰੋਲਰ ਪ੍ਰੀਖਿਆਵਾਂ ਦੇ ਨੁਮਾਇੰਦੇ ਵਜੋਂ] | (ਸ੍ਰੀ ਕੁਲਜੀਤ ਸਿੰਘ)<br>[ਵਿੱਤ ਅਫਸਰ ਦੇ ਨੁਮਾਇੰਦੇ ਵਜੋਂ] | ਡੀਨ, ਕਾਲਜ ਵਿਕਾਸ ਕੌਂਸਲ |
|---|---|---|---|
| ਡੀਨ, ਰਿਸਰਚ | ਰਜਿਸਟਰਾਰ | | ਡੀਨ, ਅਕਾਦਮਿਕ ਮਾਮਲੇ |

No: 96/DCDC
Date: 22-5-25
23-5-25

ਕਮੇਟੀ ਦੀਆਂ ਸਿਫ਼ਾਰਸ਼ਾਂ ਮਾਨਯੋਗ ਵੀ.ਸੀ. ਸਾਹਿਬ ਦੁਆਰਾ ਅਕਾਦਮਿਕ ਕੌਂਸਲ /ਸਿੰਡੀਕੇਟ ਵੱਲੋਂ ਪ੍ਰਵਾਨਗੀ ਦੀ ਆਸ ਵਿਚ ਪ੍ਰਵਾਨਗੀ ਹਿਤ ਜੀ।

22/05/2025

ਵਾਈਸ ਚਾਂਸਲਰ ਸਾਹਿਬ

ਕਮੇਟੀ ਦੀਆਂ ਕੀਤੀਆਂ ਸਿਫਾਰਸ਼ਾਂ ਨੂੰ ਆਸ ਵਿਚ ਪ੍ਰਵਾਨ ਹੈ
23/5/25

13836
22/5/25
23/5

DCDC